## ਸਮਾਜਕ ਆਵਾਸ

ਯਾਰਕ ਰੀਜਨ ਵਿੱਚ 7,000 ਤੋਂ ਵੱਧ ਲਾਭਰਹਿਤ, ਸੈਹਕਾਰੀ ਅਤੇ ਮਿਉਨਿਸਿਪਲ ਸੰਗਠਨਾਂ ਦੁਆਰਾ ਚਲਾਈਆਂ ਜਾ ਰਹੀਆਂ ਵਿੱਤ ਸਿਰ ਕਿਰਾਏ ਵਾਲੀਆਂ ਅਤੇ ਕਿਰਾਏ ਵਿੱਚ ਆਰਥਕ ਸਹਾਇਤਾ ਵਾਲੀਆਂ ਆਵਾਸ ਇਕਾਈਆਂ ਹੱਨ।

**ਲਾਭਰਹਿਤ ਆਵਾਸ** ਕਮੀਉਨਟੀ ਤੇ ਅਧਾਰਤ ਸੰਗਠਨ ਜਿਵੇਂ ਕਿ ਧਾਰਮਿਕ ਸੰਸਥਾਂਵਾਂ ਅਤੇ ਪਰ ਉਪਕਾਰੀ ਸਭਾਵਾਂ ਦੀ ਪਰਭੁਤਾ ਹੇਠ ਚਲਾਏ ਜਾਂਦੇ ਹਨ।

**ਸੈਹਕਾਰੀ ਆਵਾਸ** ਇਹਨਾਂ ਵਿੱਚ ਰਹਿਣ ਵਾਲਿਆਂ ਦੀ ਪਰਭੁਤਾ ਹੇਠ ਚਲਾਏ ਜਾਂਦੇ ਹਨ। ਆਮ ਤੌਰ ਤੇ ਸੈਹਕਾਰੀ ਸੰਮਤੀਆਂ ਵਸਨੀਕਾਂ ਤੋਂ ਇਹ ਆਸ ਖਦੀਆਂ ਹਨ ਕਿ ਉਹ ਕਿਸੇ ਵੀ ਸੰਮਤੀ ਦੇ ਸਦੱਸ ਬਣਕੇ ਜਾਂ ਹੋਰ ਸਰਗਰਮੀਆਂ ਵਿੱਚ ਸ਼ਾਮਲ ਹੋ ਕੇ ਆਪਣੀ ਰਿਹਾਇਸ਼ੀ ਕਮੀਉਨਟੀ ਦੇ ਚਲਾਉਣ ਵਿੱਚ ਸਰਗਰਮੀ ਨਾਲ ਹਿੱਸਾ ਲੈਣਗੇ।

**Housing York Inc.,** ਯਾਰਕ ਰੀਜਨ ਦੀ ਆਵਾਸ ਕੰਪਨੀ ਸਾਰੇ ਯਾਰਕ ਰੀਜਨ ਵਿੱਚ 1,753 ਵਿੱਤ ਸਿਰ ਕਿਰਾਏ ਵਾਲੀਆਂ ਅਤੇ ਕਿਰਾਏ ਵਿੱਚ ਆਰਥਕ ਸਹਾਇਤਾ ਵਾਲੀਆਂ ਆਵਾਸ ਇਕਾਈਆਂ ਆਪਣੀ ਪਰਭੁਤਾ ਹੇਠ ਚਲਾਉਂਦੀ ਹੈ।

ਸਮਾਜਕ ਆਵਾਸਾਂ ਬਾਰੇ
ਹੋਰ ਵਧੇਰੀ ਜਾਨਕਾਰੀ ਲੈਣ ਲਈ
Regional Municipality of York,
Community Services and
Housing Department
ਨਾਲ ਇਸ ਪਤੇ ਤੇ ਸੰਪਰਕ ਕਰੋ:

**55 Eagle Street West**
**Newmarket, ON L3Y 8W5**

ਜਾਂ ਇਸ ਨੰਬਰ ਤੇ ਮੁਫ਼ਤ ਟੈਲੀਫ਼ੋਨ ਕਰੋ:
**1-888-256-1112**

ਤੁਹਾਨੂੰ ਇਥੋਂ ਵੀ ਜਾਨਕਾਰੀ ਮਿਲ ਸਕਦੀ ਹੈ:
**www.region.york.on.ca**

(Services/Housing/Social Housing/ How to apply for Social Housing?/ ਹੇਠਾਂ ਵੇਖੋ ਅਤੇ ਫਿਰ application form ਤੇ ਕਲਿਕ ਕਰੋ)

# ਯਾਰਕ ਰੀਜਨ ਵਿੱਚ ਸਮਾਜਕ ਆਵਾਸ



# ਮੈ ਸਮਾਜਕ ਆਵਾਸ ਲਈ ਅਰਜ਼ੀ ਕਿਸ ਤਰ੍ਹਾ ਦੇ ਸਕਦਾ ਹਾਂ?

ਯਾਰਕ ਰੀਜਨ ਦੇ ਸਾਰੇ ਸਮਾਜਕ ਆਵਾਸ ਦੇਣ ਵਾਲੇ ਆਮਦਨੀ ਤੇ ਅਧਾਰਤ ਕਿਰਾਇਆ ਸਹਾਇਤਾ ਲਈ ਅਰਜ਼ੀ ਦੇਣ ਲਈ ਇਕ ਸਾਂਝੇ ਆਵੇਦਨ ਪੱਤਰ ਦੀ ਵਰਤੋਂ ਕਰਦੇ ਹਨ।

ਆਵੇਦਨ ਪੱਤਰ ਹਾਸਿਲ ਕਰਨ ਦੇ ਚਾਰ ਤਰੀਕੇ ਹਨ:

1. 1-888-256-1112 ਤੇ ਫੋਨ ਕਰਕੇ ਤੁਸੀਂ ਆਵੇਦਨ ਪੱਤਰ ਡਾਕ ਰਾਹੀਂ ਮੰਗਵਾ ਸਕਦੇ ਚ

2. ਯਾਰਕ ਰੀਜਨ ਦੇ ਛੋਮਮੁਨਟਿ ਸ਼ੲਰਵਚਿੲਸ ੳਨਦ Housing Department ਤੋਂ ਹੇਠ ਲਿਖੇ ਪਤੇ ਤੇ ਆਵੇਦਨ ਪੱਤਰ ਸਿੱਧੇ ਪਰਾਪਤ ਕਰੋ:
   55 Eagle Street West,
   Newmarket, ON L3Y

3. ਯਾਰਕ ਰੀਜਨ ਵਿੱਚ ਕਿਸੇ ਵੀ ਸਮਾਜਕ ਆਵਾਸ ਦੇਣ ਵਾਲੇ ਨੂੰ ਮਿਲੋ।

4. ਯਾਰਕ ਰੀਜਨ ਦੀ ਵੱਬਸਾਇਟ: www.region.york.on.ca ਤੋਂ ਸਿੱਧੇ ਛਾਪ ਲਵੋ (ਵੱਬਸਾਇਟ ਤੇ ਜਾਣ ਦੇ ਵਿਸਤਰਤ ਨਿਰਦੇਸ਼ਾਂ ਲਈ ਇਸ ਬਰੋਸ਼ਰ ਦਾ ਪਿਛਲਾ ਹਿੱਸਾ ਵੇਖੋ)

ਆਵੇਦਨ ਪੱਤਰ ਨੂੰ ਕਿਵੇਂ ਭਰਨਾ ਅਤੇ ਭਰਨ ਤੋਂ ਬਾਅਦ ਇਸਨੂੰ ਕਿੱਥੇ ਭੇਜਣਾ ਹੈ ਇਸ ਬਾਰੇ ਵਿਸਤਰਤ ਨਿਰਦੇਸ਼ ਵੀ ਇਸ ਦੇ ਵਿੱਚ ਸ਼ਾਮਿਲ ਕੀਤੇ ਹੋਏ ਹਨ।

# ਸਮਾਜਕ ਆਵਾਸ ਲਈ ਕੌਣ ਯੋਗ ਹੈ?

**ਸਮਾਜਕ ਆਵਾਸਾਂ ਦੇ ਯੋਗ ਹੋਣ ਲਈ:**

- ਪਰਿਵਾਰ ਦੇ ਸਾਰੇ ਸਦੱਸ ਕਨੇਡਾ ਦੇ ਸਥਾਈ ਨਿਵਾਸੀ ਜਾਂ ਸ਼ਰਨਾਰਥੀ ਅਵਸਥਾ ਦੇ ਦਾਹਵੇਦਾਰ ਜ਼ਰੂਰ ਹੋਣੇ ਚਾਹੀਦੇ ਹਨ।
- ਘੱਟੋ ਘੱਟ ਤੁਹਾਡੇ ਪਰਿਵਾਰ ਦਾ ਇਕ ਸਦੱਸ 16 ਸਾਲ ਤੋਂ ਵੱਧ ਉਮਰ ਦਾ ਜ਼ਰੂਰ ਹੋਣਾ ਚਾਹੀਦਾ ਹੈ
- ਤੁਹਾਡਾ ਸਹਾਈ ਸੇਵਾਵਾਂ ਦੇ ਨਾਲ ਜਾਂ ਉਹਨਾਂ ਤੋਂ ਬਿਨਾ ਸੁਤੰਤਰ ਤੌਰ ਤੇ ਰਹਿਣ ਲਈ ਸਮਰੱਥ ਹੋਣਾ ਜ਼ਰੂਰੀ ਹੈ।
- ਬਜ਼ੁਰਗਾਂ ਦੇ ਆਵਾਸਾਂ ਲਈ ਘੱਟੋ ਘੱਟ ਇਕ ਆਵੇਦਕ 60 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਜ਼ਰੂਰ ਹੋਣਾ ਚਾਹੀਦਾ ਹੈ। ਜੇ ਪਰਿਵਾਰ ਦਾ ਇਕ ਸਦੱਸ 58 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਹੈ ਤਾਂ ਆਵੇਦਕ ਬਜ਼ੁਰਗਾਂ ਦੇ ਆਵਾਸ ਭਵਨ ਦੀ ਉਡੀਕ ਸੂਚੀ ਵਿੱਚ ਸ਼ਾਮਿਲ ਕੀਤੇ ਜਾਣ ਦੇ ਯੋਗ ਹਨ
- ਪਰਿਵਾਰ ਦਾ ਕੋਈ ਵੀ ਸਦੱਸ ਕਿਸੇ ਵੀ ਆਵਾਸ ਦੇਣ ਵਾਲੇ ਦਾ ਸਮਾਜਕ ਆਵਾਸ ਦੇ ਕਿਰਾਏ ਦੇ ਬਕਾਇਆ ਦਾ ਕਰਜ਼ਾਈ ਨਹੀਂ ਹੋ ਸੱਕਦਾ।



# ਕੀ ਸਮਾਜਕ ਆਵਾਸਾਂ ਲਈ ਕੋਈ ਇੰਤਜ਼ਾਰ ਸੂਚੀ ਹੈ?

ਹਾਂ, ਸਮਾਜਕ ਆਵਾਸਾਂ ਲਈ ਇੰਤਜ਼ਾਰ ਸੂਚੀ ਹੁੰਦੀ ਹੈ। ਆਵਾਸ ਤੁਹਾਡੇ ਆਵੇਦਨ ਪਰਾਪਤ ਹੋਣ ਦੀ ਤਾਰੀਖ ਦੇ ਅਨੁਸਾਰ ਪਹਿਲਾਂ ਆਇਆ ਪਹਿਲਾਂ ਪਾਵੇ ਦੇ ਆਧਾਰ ਤੇ ਵੰਡੇ ਜਾਂਦੇ ਹਨ। ਤੁਸੀਂ ਕਿਹੜੀ ਸਮਾਜਕ ਆਵਾਸ ਕਮੀਉਨਟੀ ਦੇ ਲਈ ਆਵੇਦਨ ਦਿੱਤਾ ਹੈ ਅਤੇ ਤੁਹਾਡੇ ਕਿਰਾਇਆ ਇਕਾਈ ਦੇ ਨਾਪ ਦੀ ਜ਼ਰੂਰਤ ਦੇ ਆਧਾਰ ਤੇ ਇੰਤਜ਼ਾਰ ਦੇ ਸਮੇਂ ਵਿੱਚ ਕਾਫ਼ੀ ਅੰਤਰ ਹੋ ਸਕਦਾ ਹੈ।

ਪਰਵਾਰਕ ਹਿੰਸਾ ਦੇ ਸ਼ਿਕਾਰ ਲੋਕਾਂ ਨੂੰ ਪੈਹਲ ਦੇਣ ਲਈ ਵਿਸ਼ੇਸ਼ ਨੀਤੀ ਹੈ।

# ਯਾਰਕ ਰੀਜਨ ਵਿੱਚ ਸਮਾਜਕ ਆਵਾਸ ਕਿੱਥੇ ਉਪਲਬਧ ਹੱਨ?

ਯਾਰਕ ਰੀਜਨ ਵਿੱਚ ਸਮਾਜਕ ਆਵਾਸ ਅਨੇਕ ਪਰਕਾਰ ਦੀਆਂ ਆਵਾਸ ਕਮੀਉਨਟੀਆਂ ਵਿੱਚ ਉਪਲਬਧ ਹੱਨ। ਸਹੀ ਆਵਾਸ ਚੁਨਣ ਵਿੱਚ ਤੁਹਾਡੀ ਮੱਦਦ ਕਰਨ ਲਈ ਆਵਾਸ ਡਾਇਰੈਕਟਰੀ ਉਪਲਬਧ ਹੈ ਅਤੇ ਇਸਨੂੰ ਯਾਰਕ ਰੀਜਨ ਦੇ Community Services and Housing Department ਤੇ ਹੇਠ ਲਿਖੇ ਪਤੇ ਤੇ:

**55 Eagle Street West,**
**Newmarket, ON L3Y 8W5.**

ਜਾਂ ਯਾਰਕ ਰੀਜਨ ਦੀ ਵੱਬਸਾਈਟ ਤੇ ਦੇਖਿਆ ਜਾ ਸਕਦਾ ਹੈ। (ਵੱਬਸਾਇਟ ਦੇ ਪਤੇ ਲਈ ਇਸ ਬਰੋਸ਼ਰ ਦਾ ਪਿਛਲਾ ਹਿੱਸਾ ਵੇਖੋ)